ਵੱਲੋ **ਯਾਦ-ਪੱਤਰ**

ਰਜਿਸਟਰਾਰ,
ਪੰਜਾਬ ਨਰਸਿਜ਼ ਰਜਿਸਟਰੇਸ਼ਨ ਕੌਂਸਲ,
ਐਸ.ਸੀ.ਓ. ਨੰ:- 109, ਸੈਕਟਰ 40- ਸੀ,
ਚੰਡੀਗੜ੍ਹ ।

ਵੱਲ

ਪ੍ਰਿੰਸੀਪਲ,
ਸਮੂਹ ਸਕੂਲ ਆਫ ਨਰਸਿੰਗ,

ਨੰ:- ਪੀ.ਐਨ.ਆਰ.ਸੀ/2011/ **ਵੈੱਬ-ਸਾਈਟ ਰਾਹੀ** ਮਿਤੀ :- 17.05.2011

ਵਿਸ਼ਾ ਵਿੱਦਿਅਕ ਸੈਸ਼ਨ 2011-12 ਦੇ ਦਾਖਲੇ ਸਬੰਧੀ (ਜੀ.ਐਨ.ਐਮ. & ਏ.ਐਨ.ਐਮ)

ਦਫਤਰ ਵੱਲੋ ਇਹ ਪੱਤਰ ਮਿਤੀ 03.05.2011 ਨੂੰ ਵੈੱਬ-ਸਾਈਟ ਤੇ ਪਾਇਆ ਗਿਆ ਸੀ ਪਰੰਤੂ ਆਪ ਦੀ ਸੰਸਥਾ ਵੱਲੋ ਅਜੇ ਤੱਕ ਸੈਸ਼ਨ 2011-12 ਦੇ ਦਾਖਲੇ ਲਈ ਦਫਤਰ ਨੂੰ ਅਪਲਾਈ ਨਹੀ ਕੀਤਾ ਗਿਆ ਹੈ । ਜਿਸ ਕਾਰਨ ਆਪ ਨੂੰ ਇਹ ਯਾਦ-ਪੱਤਰ ਭੇਜਿਆ ਜਾ ਰਿਹਾ ਹੈ ।

ਵਿੱਦਿਅਕ ਸੈਸ਼ਨ 2011-12 ਦੇ ਦਾਖਲੇ ਸਬੰਧੀ ਪੰਜਾਬ ਸਰਕਾਰ ਵੱਲੋ ਜਾਰੀ ਨੋਟੀਫਿਕੇਸ਼ਨ ਮਿਤੀ 5.7.2004, ਜਿਸ ਵਿੱਚ ਨਰਸਿੰਗ ਸਕੂਲ ਅਤੇ ਇਮਾਰਤ ਜਿਨਾਂ ਦੀ ਮਲਕੀਅਤ ਸੋਸਾਇਟੀ / ਟੱਰਸਟ ਦੇ ਨਾਮ ਹੋਣੀ ਚਾਹੀਦੀ ਹੈ , ਦਾ ਹਵਾਲਾ ਹੈ, ਉਸ ਦੀ ਇੰਨ ਬਿੰਨ ਪਾਲਣਾ ਕਰਨ ਹਿੱਤ ਇਹ ਇੱਛਾ ਪ੍ਰਗਟ ਕੀਤੀ ਗਈ ਹੈ ਕਿ ਸੈਸ਼ਨ 2011-12 ਦੇ ਦਾਖਲੇ ਦੀ ਪ੍ਰਕ੍ਰਿਆ ਉਹਨਾਂ ਸੰਸਥਾਵਾਂ ਵੱਲੋ ਸ਼ੁਰੂ ਕੀਤੀ ਜਾਵੇ, ਜਿਨਾਂ ਪਾਸ ਮੁਕੰਮਲ ਇਮਾਰਤਾਂ ਹਨ ਅਤੇ ਉਹ ਇਮਾਰਤਾਂ ਸਕੂਲ ਚਲਾਉਣ ਦੇ ਯੋਗ ਹਨ । ਉਕਤ ਦੇ ਸਨਮੁੱਖ ਨਿਮਨਹਸਤਾਖਰ ਨੂੰ ਹੇਠ ਦਿੱਤੇ ਅਨੁਸਾਰ ਸਵੈ-ਘੋਸ਼ਣਾ ਪੰਜਾਬੀ ਵਿੱਚ ਭੇਜੀ ਜਾਵੇ, ਜੋ ਕਿ ਤਸਦੀਕ-ਸ਼ੁਦਾ ਹੋਵੇ :-

1. ਕਿ ਸੰਸਥਾ ਪਾਸ ਸੋਸਾਇਟੀ / ਟੱਰਸਟ ਦੇ ਨਾਮ ਤੇ ਆਪਣੀ ਇਮਾਰਤ ਹੈ ਜੋ ਕਿ ਨਾਰਮਜ਼ ਮੁਤਾਬਿਕ ਮੁਕੰਮਲ ਹੈ ਅਤੇ ਸਕੂਲ ਚਲਾਉਣ ਦੇ ਯੋਗ ਹੈ ।
2. ਸੰਸਥਾ ਸਰਕਾਰ ਵੱਲੋ ਜਾਰੀ ਇਤਰਾਜ਼ਹੀਣਤਾ ਸਰਟੀਫਿਕੇਟ ਦੀ ਕਾਪੀ ਨਾਲ ਨੱਥੀ ਕਰੇ ਅਤੇ ਸੰਸਥਾ ਇਹ ਵੀ ਦੱਸੇ ਕਿ ਸਕੂਲ ਕਦੋ ਤੋ ਹੋਂਦ ਵਿੱਚ ਆਇਆ ਹੈ ।
3. ਕਿ ਸੰਸਥਾ ਪਾਸ ਆਵਾਜਾਈ ਲਈ ਆਪਣੀ / ਕਿਰਾਏ ਤੇ ਗੱਡੀ ਹੈ ।
4. ਕਿ ਸੰਸਥਾ ਪਾਸ .......... ਐਮ.ਐਸ.ਸੀ. (ਨਰਸਿੰਗ) , .................ਬੀ.ਐਸ.ਸੀ. (ਨਰਸਿੰਗ) ਅਤੇ .................. ਟਿਊਟਰ ਹਨ ਅਤੇ ਟੀਚਿੰਗ ਫੈਕਲਟੀ ਦੀ ਲਿਸਟ ਜਿਸ ਵਿੱਚ ਨਾਮ, ਜਨਮ ਮਿਤੀ, ਰਜਿਸਟਰੇਸ਼ਨ ਨੰਬਰ, ਯੋਗਤਾ, ਤਜਰਬਾ, ਜੁਆਇਨਿੰਗ ਮਿਤੀ ਅਤੇ Pay-roll ਦੀ ਕਾਪੀ ਅਤੇ ਫ਼ੋਟੋਗ੍ਰਾਫ ਨੱਥੀ ਕੀਤੇ ਜਾਣ ।

5. ਪ੍ਰਾਈਵੇਟ ਹਸਪਤਾਲ ਜੋ ਕਿ ਕਲੀਨੀਕਲ ਟਰੇਨਿੰਗ ਲਈ ਸੰਸਥਾ ਨਾਲ ਐਫੀਲੀਏਟਿਡ ਹਨ, ਦੇ ਪ੍ਰਬੰਧਕਾਂ ਵੱਲੋਂ ਮੌਜੂਦਾ ਹਸਪਤਾਲ ਦੇ ਲੈਟਰ ਹੈੱਡ ਤੇ ਹੇਠ ਲਿਖੇ ਦਸਤਾਵੇਜ਼ ਪੇਸ਼ ਕੀਤੇ ਜਾਣ :-

(i) ਬਿਸਤਰਿਆਂ ਦੀ ਗਿਣਤੀ / ਵੰਡ

(ii) ਵਿਦਿਆਰਥੀਆਂ ਦੀ ਗਿਣਤੀ

(iii) ਐਫੀਲੀਏਟਿਡ ਹਸਪਤਾਲਾਂ ਵੱਲੋਂ ਟਰੇਨਿੰਗ ਦੇਣ ਦਾ ਤਾਜ਼ਾ ਸਬੂਤ

(iv) ਹਸਪਤਾਲ ਇਸ ਸੰਸਥਾ ਤੋਂ ਇਲਾਵਾ ਕਿਹੜੀਆਂ ਹੋਰ ਸੰਸਥਾਵਾਂ ਨੂੰ ਵੀ ਕਲੀਨੀਕਲ ਟਰੇਨਿੰਗ ਪ੍ਰਦਾਨ ਕਰ ਰਿਹਾ ਹੈ, ਉਹਨਾਂ ਸਾਰੀਆਂ ਸੰਸਥਾਵਾਂ ਦੇ ਸਾਰੇ ਵਿਦਿਆਰਥੀਆਂ ਦੀ ਗਿਣਤੀ ਦਿੱਤੀ ਜਾਵੇ। (ਤਾਜ਼ਾ ਸਬੂਤ)

6. ਕਿ ਸੰਸਥਾ ਨੇ ਸਾਲ 2010-11 ਵਿੱਚ ਇੰਸਪੈਕਸ਼ਨ ਦੌਰਾਨ ਪਾਈਆਂ ਗਈਆਂ ਕਮੀਆਂ ਪੂਰੀਆਂ ਕਰ ਲਈਆਂ ਹਨ ਅਤੇ ਕਮੀਆਂ ਪੂਰੀਆਂ ਕਰਨ ਦਾ ਸਬੂਤ ਪੇਸ਼ ਕਰੇ।

7. ਕਿ ਸੰਸਥਾ ਦੀ ਆਪਣੀ ਮੌਜੂਦਾ ਵੈਬ-ਸਾਈਟ ਦਾ ਐਡਰੈੱਸ ........................ ਹੈ ਅਤੇ ਈ-ਮੇਲ ਐਡਰੈੱਸ ....................... ਹੈ। ਸੰਸਥਾ ਆਪਣੀ ਵੈੱਬ-ਸਾਈਟ ਤੇ ਵਿਦਿਆਰਥੀਆਂ ਦੇ ਦਾਖਲੇ ਦੀ ਹਰੇਕ ਪ੍ਰਕ੍ਰਿਆ ਨੂੰ ਵਿਸਥਾਰ ਸਹਿਤ ਦਰਸਾਵੇ ਜਿਵੇ ਕਿ ਦਾਖਲੇ ਦੀਆਂ ਕੁੱਲ ਅਰਜ਼ੀਆਂ, ਦਾਖਲ ਕੀਤੇ ਗਏ ਵਿਦਿਆਰਥੀਆਂ ਦੀ ਯੋਗਤਾ ਦਾ ਮਾਪ-ਦੰਡ (ਨਾਰਮਜ ਮੁਤਾਬਿਕ) ਅਤੇ ਦਾਖਲ ਕੀਤੇ ਗਏ ਵਿਦਿਆਰਥੀਆ ਦੀ ਮੈਰਿਟ ਲਿਸਟ ਅਤੇ ਸੰਸਥਾ ਵੱਲੋਂ ਲਈ ਗਈ ਫੀਸ ਆਦਿ ਦਾ ਵੇਰਵਾ ਦਿੱਤਾ ਗਿਆ ਹੈ।

8. ਸੈਸ਼ਨ 2011-12 ਵਾਸਤੇ ਪੀ.ਐਨ.ਆਰ.ਸੀ. ਵੱਲੋਂ ਨਿਰਧਾਰਿਤ ਮਾਨਤਾ ਦੀ ਫੀਸ ਦੀ ਰਸੀਦ ਦੀ ਫੋਟੋ-ਕਾਪੀ ਨੱਥੀ ਕਰੇ।

9. ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਐਨ.ਓ.ਸੀ. ਦੇ ਪੱਤਰ ਦੀ ਕਾਪੀ ਨੱਥੀ ਕੀਤੀ ਜਾਵੇ।

10. ਇੰਡੀਅਨ ਨਰਸਿੰਗ ਕੌਂਸਲ, ਨਵੀ ਦਿੱਲੀ ਵੱਲੋਂ **ਮੌਜੂਦਾ ਸੈਸ਼ਨ** ਦਾ ਪ੍ਰਵਾਨਗੀ ਪੱਤਰ ਨੱਥੀ ਕੀਤਾ ਜਾਵੇ।

ਉਪਰੋਕਤ ਤਸਦੀਕ-ਸ਼ੁਦਾ ਸਵੈ-ਘੋਸ਼ਣਾ ਦੇ ਨਾਲ ਸੰਸਥਾ Self Appraisal Performa ਵੀ ਭਰਕੇ ਭੇਜੇ ਜੋ ਕਿ ਪੀ.ਐਨ.ਆਰ.ਸੀ. ਦੀ ਵੈੱਬ-ਸਾਈਟ www.pnrc.in ਤੋਂ ਡਾਉਨ-ਲੋਡ ਕੀਤਾ ਜਾ ਸਕਦਾ ਹੈ। ਇਹ ਸਾਰੀ ਸੂਚਨਾ ਮੁਕੰਮਲ ਦਸਤਾਵੇਜ਼ਾਂ ਨਾਲ ਪੱਤਰ ਪ੍ਰਾਪਤ ਹੋਣ ਤੋਂ ਦੋ ਹਫਤੇ ਦੇ ਅੰਦਰ ਅੰਦਰ ਭੇਜਣਾ ਯਕੀਨੀ ਬਣਾਇਆ ਜਾਵੇ। ਉਪਰੋਕਤ ਸੂਚਨਾ ਪ੍ਰਾਪਤ ਹੋਣ ਉਪਰੰਤ ਹੀ ਤੁਹਾਡੀ ਸੰਸਥਾ ਦਾ ਕੇਸ ਸੈਸ਼ਨ 2011-12 ਲਈ ਵਿਚਾਰ ਕੀਤਾ ਜਾਵੇਗਾ।

**ਰਜਿਸਟਰਾਰ**